ਅਮਰੀਕੀ ਸਿੱਖਿਆ ਵਿਭਾਗ

ਨਾਗਰਿਕ ਅਧਿਕਾਰ ਦਫਤਰ

# ਪਿਆਰੇ ਸਹਾਇਕ ਨੂੰ ਪੱਤਰ: ਉਤਪੀੜਨ ਅਤੇ ਧੱਕੇਸ਼ਾਹੀ (26 ਅਕਤੂਬਰ 2010)

## ਪਿਛੋਕੜ, ਸਾਰ ਅਤੇ ਪੱਕੇ ਤੱਥ

### ਇੱਕ ਤੋਂ ਬਾਅਦ ਇੱਕ ਵਿਦਿਆਰਥੀ ਦਾ ਉਤਪੀੜਨ ਅਤੇ ਧੱਕੇਸ਼ਾਹੀ ਦੇ ਸੰਭਾਵਿਤ ਪ੍ਰਭਾਵ ਕੀ ਹਨ?

- ਵਿਦਿਅਕ ਕਾਮਯਾਬੀ ਅਤੇ ਉਮੰਗ ਦਾ ਘੱਟ ਹੋਣਾ
- ਚਿੰਤਾ ਵਿੱਚ ਵਾਧਾ
- ਸਵੈਅਭਿਮਾਨ ਅਤੇ ਆਤਮਵਿਸ਼ਵਾਸ਼ ਦਾ ਘੱਟ ਹੋਣਾ
- ਉਦਾਸੀ ਅਤੇ ਸਦਮੇ ਦੇ ਬਾਅਦ ਦਾ ਤਣਾਉ
- ਸਧਾਰਨ ਰੂਪ ਨਾਲ ਸਿਹਤ ਵਿੱਚ ਵਿਗਾੜ
- ਆਪਣੇ ਆਪ ਨੂੰ ਨੁਕਸਾਨ ਪਹੁੰਚਾਉਣ ਅਤੇ ਆਤਮਹੱਤਿਆ ਦੇ ਖਿਆਲ ਆਉਣਾ
- ਸਕੂਲ ਦੇ ਵਾਤਾਵਰਣ ਵਿੱਚ ਵਿਗਾੜ ਦੀ ਭਾਵਨਾ, ਜਿਵੇਂ ਦੂਜੇ ਬੱਚਿਆਂ ਤੋਂ ਡਰ ਲੱਗਣਾ
- ਸਕੂਲ ਤੋਂ ਗੈਰਹਾਜਿਰ ਰਹਿਣਾ

### ਪਿਆਰੇ ਸਹਾਇਕ ਪੱਤਰ (ਡੀਸੀਐਲ) ਦੇ ਕੀ ਕਾਰਜ ਹਨ?

- ਇਹ ਸਿੱਖਿਆ ਵਿਭਾਗ (ਈਡੀ) ਦੇ ਨਾਗਰਿਕ ਅਧਿਕਾਰ ਦਫਤਰ (ਓਸੀਆਰ) ਵੱਲੋਂ ਲਾਗੂ ਨਾਗਰਿਕ ਅਧਿਕਾਰ ਕਾਨੂੰਨ ਦੇ ਅਧੀਨ ਧੱਕੇਸ਼ਾਹੀ ਅਤੇ ਪੱਖਪਾਤਪੂਰਣ ਉਤਪੀੜਨ ਵਿਚਲੇ ਸੰਬੰਧ ਨੂੰ ਸਪੱਸ਼ਟ ਕਰਦਾ ਹੈ।
- ਇਹ ਦੱਸਦਾ ਹੈ ਕਿ ਕਿਵੇਂ ਵਿਦਿਆਰਥੀ ਦੁਰਾਚਾਰ ਜੋ ਇੱਕ ਧੱਕੇਸ਼ਾਹੀ ਵਿਰੋਧੀ ਨੀਤੀ ਦੇ ਅਧੀਨ ਆਉਂਦਾ ਹੈ, ਓਸੀਆਰ ਵੱਲੋਂ ਲਾਗੂ ਇੱਕ ਜਾਂ ਵੱਧ ਪੱਖਪਾਤ ਵਿਰੋਧੀ ਕਾਨੂੰਨਾਂ ਦੇ ਅਧੀਨ ਜਿੰਮੇਵਾਰੀਆਂ ਵਿੱਚ ਵੀ ਤਬਦੀਲ ਹੋ ਸਕਦਾ ਹੈ।
- ਇਹ ਪੱਖਪਾਤਪੂਰਣ ਉਤਪੀੜਨ ਦੀ ਪਛਾਣ ਕਰਨ ਵਿੱਚ ਅਸਫਲ ਸਕੂਲਾਂ ਨੂੰ ਨਿਰਦੇਸ਼ ਦਿੰਦੇ ਹੋਏ ਯਾਦ ਕਰਾਉਂਦਾ ਹੈ ਕਿ ਵਿਦਿਆਰਥੀ ਦੁਰਾਚਾਰ ਉਹਨਾਂ ਨਾਕਾਫੀ ਅਤੇ ਅਨੁਚਿਤ ਪ੍ਰਤੀਕ੍ਰਿਆਵਾਂ ਦਾ ਕਾਰਨ ਬਣ ਸਕਦਾ ਹੈ ਜੋ ਵਿਦਿਆਰਥੀਆਂ ਦੇ ਨਾਗਰਿਕ ਅਧਿਕਾਰਾਂ ਦੇ ਉਲੰਘਣਾਂ ਦਾ ਉਪਾ ਕਰਨ ਵਿੱਚ ਅਸਫਲ ਹੁੰਦੀਆਂ ਹਨ। ਪੱਖਪਾਤ ਵਿਰੋਧੀ ਕਾਨੂੰਨਾਂ ਦੇ

ਅਧੀਨ ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਵੀ ਉਹੀ ਜ਼ਿੰਮੇਵਾਰੀਆਂ ਹਨ ਜੋ ਪ੍ਰਾਇਮਰੀ ਅਤੇ ਸੇਕੰਡਰੀ ਸਕੂਲਾਂ ਦੀਆਂ ਹੁੰਦੀਆਂ ਹਨ।

- ਜਾਤੀ ਅਤੇ ਰਾਸ਼ਟਰੀ ਮੂਲ ਸੰਬੰਧੀ ਉਤਪੀੜਨ, ਯੌਨ ਉਤਪੀੜਨ, ਲਿੰਗ-ਅਧਾਰਿਤ ਉਤਪੀੜਨ ਅਤੇ ਵਿਕਲਾਂਗਤਾ ਉਤਪੀੜਨ ਦਾ ਤਰਕ ਰਾਹੀਂ ਪਰੀਖਣ ਕਰਦਾ ਹੈ ਅਤੇ ਦੱਸਦਾ ਹੈ ਕਿ ਕਿਸੇ ਸਕੂਲ ਨੂੰ ਹਰੇਕ ਮਾਮਲੇ ਵਿੱਚ ਕਿਵੇਂ ਪ੍ਰਤੀਕ੍ਰਿਆ ਕਰਨੀ ਚਾਹੀਦੀ ਹੈ।

## ਈਡੀ ਡੀਸੀਐਲ ਨੂੰ ਕਿਉਂ ਜਾਰੀ ਕਰ ਰਿਹਾ ਹੈ?

ਈਡੀ ਧੱਕੇਸ਼ਾਹੀ ਅਤੇ ਪੱਖਪਾਤਪੂਰਣ ਉਤਪੀੜਨ ਵਿਚਲੇ ਸੰਬੰਧ ਨੂੰ ਸਪੱਸ਼ਟ ਕਰਨ ਲਈ ਅਤੇ ਉਹਨਾਂ ਸਕੂਲਾਂ ਨੂੰ ਇਹ ਯਾਦ ਕਰਾਉਣ ਲਈ ਡੀਸੀਐਲ ਜਾਰੀ ਕਰਦਾ ਹੈ ਜੋ ਧੱਕੇਸ਼ਾਹੀ ਵਿਰੋਧੀ ਜਾਂ ਅਨੁਸ਼ਾਸ਼ਨ ਸੰਬੰਧੀ ਕਿਸੇ ਹੋਰ ਨੀਤੀ ਦੀ ਕਿਸੇ ਵਿਸ਼ੇਸ਼ ਅਰਜੀ ਨੂੰ ਆਪਣੀਆਂ ਪ੍ਰਤੀਕ੍ਰਿਆਵਾਂ ਨੂੰ ਸੀਮਿਤ ਕਰਦੇ ਹੋਏ ਉਚਿਤ ਰੂਪ ਨਾਲ ਇਹ ਵਿਚਾਰ ਕਰਨ ਵਿੱਚ ਅਸਫਲ ਹੋ ਸਕਦੇ ਹਨ ਕਿ ਵਿਦਿਆਰਥੀ ਦੁਰਾਚਾਰ ਦਾ ਨਤੀਜਾ ਵਿਦਿਆਰਥੀਆਂ ਦੇ ਰਾਸ਼ਟਰੀ ਨਾਗਰਿਕ ਅਧਿਕਾਰਾਂ ਦੇ ਉਲੰਘਣ ਵਿੱਚ ਪੱਖਪਾਤ ਦਾ ਸਿੱਟਾ ਵੀ ਹੁੰਦਾ ਹੈ ਜਾਂ ਨਹੀਂ।

## ਪੱਖਪਾਤ ਵਿਰੋਧੀ ਉਹ ਕਾਨੂੰਨ ਕਿਹੜੇ ਹਨ ਜੋ ਨਾਗਰਿਕ ਅਧਿਕਾਰ ਦਫਤਰ ਲਾਗੂ ਕਰਦਾ ਹੈ ?

- 1964 ਦਾ ਨਾਗਰਿਕ ਅਧਿਕਾਰ ਅਧਿਨਿਯਮ ਦਾ ਅਧਿਕਾਰ 6, ਜੋ ਜਾਤੀ, ਰੰਗ ਜਾਂ ਰਾਸ਼ਟਰੀ ਮੂਲ ਦੇ ਅਧਾਰ ਤੇ ਪੱਖਪਾਤ ਦਾ ਨਿਸ਼ੇਧ ਕਰਦਾ ਹੈ।
- 1972 ਦਾ ਸਿੱਖਿਆ ਸੰਸ਼ੋਧਨ ਅਧਿਕਾਰ 9, ਜੋ ਲਿੰਗ ਦੇ ਅਧਾਰ ਤੇ ਪੱਖਪਾਤ ਦਾ ਨਿਸ਼ੇਧ ਕਰਦਾ ਹੈ।
- 1973 ਦਾ ਪੁਨਰਵਾਸ ਅਧਿਨਿਯਮ ਦੀ ਧਾਰਾ 504 ਅਤੇ ਅਮਰੀਕੀਆਂ ਦੇ ਵਿਕਲਾਂਗਤਾ ਅਧਿਨਿਯਮ 1990 ਦਾ ਅਧਿਕਾਰ 2, ਜੋ ਵਿਕਲਾਂਗਤਾ[1] ਦੇ ਅਧਾਰ ਤੇ ਪੱਖਪਾਤ ਦਾ ਨਿਸ਼ੇਧ ਕਰਦਾ ਹੈ।[2]

## ਪੱਖਪਾਤ ਵਿਰੋਧੀ ਇਹਨਾਂ ਕਾਨੂੰਨਾਂ ਦੇ ਅਧੀਨ ਸਕੂਲ ਦੀਆਂ ਜ਼ਿੰਮੇਵਾਰੀਆਂ ਕੀ ਹਨ ?

---

[1] ਓਸੀਆਰ ਉਮਰ ਪੱਖਪਾਤ ਅਧਿਨਿਯਮ 1975 ਅਤੇ ਅਮਰੀਕੀ ਬਵਾਇਜ ਸਕਾਊਟ ਸਮਾਨਤਾ ਪਹੁੰਚ ਅਧਿਨਿਯਮ ਵੀ ਲਾਗੂ ਕਰਦਾ ਹੈ।

[2] ਡੀਸੀਐਲ ਇਹਨਾਂ ਕਾਨੂੰਨਾਂ ਦਾ ਪ੍ਰਯੋਗ ਨਹੀਂ ਕਰਦਾ।

- ਜੇਕਰ ਸਕੂਲ ਇੱਕ ਤੋਂ ਬਾਅਦ ਇੱਕ ਵਿਦਿਆਰਥੀ ਤੇ ਸੰਭਾਵੀ ਉਤਪੀੜਨ ਦੇ ਬਾਰੇ ਵਿੱਚ ਜਾਣਦਾ ਹੈ ਜਾਂ ਉਸਨੂੰ ਉਚਿਤ ਰੂਪ ਨਾਲ ਇਹ ਪਤਾ ਹੋਣਾ ਚਾਹੀਦਾ ਹੈ, ਤਾਂ ਸਕੂਲ ਨੂੰ ਇਹ ਜਾਂਚ ਕਰਨ ਲਈ ਜਾਂ ਵੈਸੇ ਹੀ ਇਹ ਨਿਰਧਾਰਿਤ ਕਰਨ ਲਈ ਕਿ ਕੀ ਹੋਇਆ ਹੈ, ਤੁਰੰਤ ਉਚਿਤ ਕਾਰਵਾਈ ਕਰਨੀ ਚਾਹੀਦੀ ਹੈ।
- ਜੇਕਰ ਉਤਪੀੜਨ ਹੋਇਆ ਹੈ ਤਾਂ ਸਕੂਲ ਦਾ ਉਤਪੀੜਨ ਨੂੰ ਰੋਕਣ, ਵਿਰੋਧਮਈ ਵਾਤਾਵਰਣ ਨੂੰ ਸਮਾਪਤ ਕਰਨ ਅਤੇ ਅਜਿਹਾ ਦੁਬਾਰਾ ਹੋਣ ਤੋਂ ਰੋਕਣ ਲਈ ਤੁਰੰਤ ਪ੍ਰਭਾਵਸ਼ਾਲੀ ਕਾਰਵਾਈ ਕਰਨਾ ਲਾਜ਼ਮੀ ਹੁੰਦਾ ਹੈ। ਇਹ ਕਾਰਜ ਸਕੂਲ ਦੀ ਜਿੰਮੇਵਾਰੀ ਹੈ ਭਾਵੇਂ ਦੁਰਾਚਾਰ ਨੂੰ ਇੱਕ ਧੱਕੇਸ਼ਾਹੀ ਵਿਰੋਧੀ ਨੀਤੀ ਰਾਹੀਂ ਸੁਰੱਖਿਅਤ ਵੀ ਕੀਤਾ ਜਾਂਦਾ ਹੈ ਅਤੇ ਇਸਦੀ ਪਰਵਾਹ ਕੀਤੇ ਬਿਨਾਂ ਕਿ ਵਿਦਿਆਰਥੀ ਇਸਦੀ ਸ਼ਿਕਾਇਤ ਕਰਦਾ ਹੈ ਜਾਂ ਨਹੀਂ, ਸਕੂਲ ਨੂੰ ਕਾਰਵਾਈ ਕਰਨ ਲਈ ਕਹਿੰਦਾ ਹੈ ਜਾਂ ਨਹੀਂ ਜਾਂ ਉਤਪੀੜਨ ਦੀ ਪਛਾਣ ਪੱਖਪਾਤ ਦੇ ਰੂਪ ਵਿੱਚ ਹੁੰਦੀ ਹੈ ਜਾਂ ਨਹੀਂ।

## ਮੈਂ ਓਸੀਆਰ ਤੋਂ ਸਹਾਇਤਾ ਕਿਵੇਂ ਪ੍ਰਾਪਤ ਕਰ ਸਕਦਾ ਹਾਂ?

ਓਸੀਆਰ ਸਕੂਲਾਂ ਨੂੰ ਨਾਗਰਿਕ ਅਧਿਕਾਰ ਕਾਨੂੰਨਾਂ, ਜੋ ਇਹ ਲਾਗੂ ਕਰਦਾ ਹੈ, ਨਾਲ ਸਵੈਇੱਛਾਤੌਰ ਤੇ ਅਨੁਪਾਲਣ ਪ੍ਰਾਪਤ ਕਰਨ ਵਿੱਚ ਸਹਾਇਤਾ ਲਈ ਤਕਨੀਕੀ ਸਹਾਇਤਾ ਪੇਸ਼ ਕਰਦਾ ਹੈ ਅਤੇ ਪੱਖਪਾਤ ਦਾ ਪਤਾ ਲਗਾਉਣ ਅਤੇ ਇਸਨੂੰ ਰੋਕਣ ਲਈ ਰਚਨਾਤਮਕ ਦ੍ਰਿਸ਼ਟੀਕੋਣਾਂ ਨੂੰ ਵਿਕਸਿਤ ਕਰਨ ਲਈ ਸਕੂਲਾਂ ਨਾਲ ਮਿਲਕੇ ਕੰਮ ਕਰਦਾ ਹੈ। ਸਕੂਲ ਨੂੰ ਤਕਨੀਕੀ ਸਹਾਇਤਾ ਲਈ ਆਪਣੇ ਅਧਿਕਾਰ ਖੇਤਰ ਦੇ ਓਸੀਆਰ ਦੇ ਕਾਨੂੰਨ ਲਾਗੂ ਕਰਨ ਵਾਲੇ ਦਫਤਰ ਨੂੰ ਸੰਪਰਕ ਕਰਨਾ ਚਾਹੀਦਾ ਹੈ। ਸੰਪਰਕ ਜਾਣਕਾਰੀ ਲਈ, ਕਿਰਪਾ ਕਰਕੇ ਈਡੀ ਦੀ ਵੈਬਸਾਈਟ http://wdcrobcolp01.ed.gov/CFAPPS/OCR/contactus.cfm. ਤੇ ਜਾਓ।

ਪੱਖਪਾਤ ਦੀ ਸ਼ਿਕਾਇਤ ਅਜਿਹੇ ਕਿਸੇ ਵੀ ਵਿਅਕਤੀ ਜਾਂ ਸੰਸਥਾ ਵੱਲੋਂ ਕੀਤੀ ਸਕਦੀ ਹੈ ਜੋ ਇਹ ਮੰਨਦਾ/ਮੰਨਦੀ ਹੈ ਕਿ ਰਾਸ਼ਟਰੀ ਆਰਥਿਕ ਸਹਾਇਤਾ ਪ੍ਰਾਪਤ ਕਰਨ ਵਾਲੇ ਕਿਸੇ ਵੀ ਸਕੂਲ ਨੇ ਜਾਤੀ, ਰੰਗ, ਰਾਸ਼ਟਰੀ ਮੂਲ, ਲਿੰਗ, ਵਿਕਲਾਂਗਤਾ ਜਾਂ ਉਮਰ ਦੇ ਅਧਾਰ ਤੇ ਕਿਸੇ ਦੇ ਵਿਰੁੱਧ ਪੱਖਪਾਤ ਕੀਤਾ ਹੈ। ਇਹ ਜ਼ਰੂਰੀ ਨਹੀਂ ਕਿ ਸ਼ਿਕਾਇਤ ਦਰਜ ਕਰਨ ਵਾਲਾ ਵਿਅਕਤੀ ਜਾਂ ਸੰਸਥਾ ਕਥਿਤ ਪੱਖਪਾਤ ਦੀ ਸ਼ਿਕਾਰ ਹੋਵੇ, ਪਰੰਤੂ ਉਹ ਕਿਸੇ ਦੂਜੇ ਵਿਅਕਤੀ ਜਾਂ ਸਮੂਹ ਵੱਲੋਂ ਸ਼ਿਕਾਇਤ ਦਰਜ ਕਰ ਸਕਦਾ ਹੈ। ਓਸੀਆਰ ਵਿਖੇ ਸ਼ਿਕਾਇਤ ਕਿਵੇਂ ਦਰਜ ਕੀਤੀ ਜਾਵੇ, ਇਸਦੀ ਜਾਣਕਾਰੀ http://www2.ed.gov/about/offices/list/ocr/complaintintro.html ਤੇ ਜਾਂ 1-800-421-3481 ਤੇ ਓਸੀਆਰ ਦੀ ਗਾਹਕ ਸੇਵਾ ਟੀਮ ਨਾਲ ਸੰਪਰਕ ਕਰਕੇ ਲਈ ਜਾ ਸਕਦੀ ਹੈ।